# Visit of Foreign Minister of Greece to India (March 22-23, 2022)

March 22, 2022

.....................

## ਯੂਨਾਨ ਦੇ ਵਦਿੇਸ਼ ਮੰਤਰੀ ਵੱਲੋ ਭਾਰਤ ਦੀ ਫੇਰੀ (22-23 ਮਾਰਚ, 2022)

**22 ਮਾਰਚ, 2022**

ਵਿਦੇਸ਼ ਮੰਤਰੀ (EAM) ਡਾ. ਐੱਸ. ਜੈਸ਼ੰਕਰ ਦੇ ਸੱਦੇ 'ਤੇ ਯੂਨਾਨ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਨਿਕੋਸ ਡੇਂਡਿਆਸ 22-23 ਮਾਰਚ, 2022 ਤੱਕ ਭਾਰਤ ਦੀ ਅਧਿਕਾਰਤ ਫੇਰੀ 'ਤੇ ਆਉਣਗੇ। ਵਿਦੇਸ਼ ਮੰਤਰੀ ਡੇਂਡਿਆਸ ਵੱਲੋਂ ਇਹ ਭਾਰਤ ਦੀ ਪਹਿਲੀ ਫੇਰੀ ਹੈ।

ਭਾਰਤ ਅਤੇ ਯੂਨਾਨ ਦਰਮਿਆਨ ਅਮੀਰ ਇਤਿਹਾਸਕ ਅਤੀਤ ਵਿੱਚ ਖੁਭੇ ਹੋਏ ਨੇੜਲੇ ਅਤੇ ਦੋਸਤਾਨਾ ਸਬੰਧ ਹਨ। ਦੋਵੇਂ ਮੰਤਰੀ ਦੁਵੱਲੇ ਸਬੰਧਾਂ ਦੀ ਵਿਸਥਾਰਤ ਸਮੀਖਿਆ ਕਰਨਗੇ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ ਬਾਰੇ ਵੀ ਚਰਚਾ ਕਰਨਗੇ। ਦੌਰੇ 'ਤੇ ਆਏ ਪਤਵੰਤੇ ਸੱਜਣ ਭਾਰਤ ਦੇ ਮਾਣਯੋਗ ਉਪ ਰਾਸ਼ਟਰਪਤੀ ਨਾਲ ਵੀ ਮੁਲਾਕਾਤ ਕਰਨਗੇ।

ਯੂਨਾਨ ਦੇ ਵਿਦੇਸ਼ ਮੰਤਰੀ ਦੀ ਯਾਤਰਾ ਪਿਛਲੇ ਸਾਲ ਜੂਨ ਵਿੱਚ ਵਿਦੇਸ਼ ਮੰਤਰੀ ਵੱਲੋਂ ਕੀਤੀ ਗਈ ਐਥੇਨਜ਼ ਦੀ ਫੇਰੀ ਤੋਂ ਬਾਅਦ ਹੋ ਰਹੀ ਹੈ। ਮੁਲਾਕਾਤਾਂ ਦਾ ਇਹ ਵਟਾਂਦਰਾ ਭਾਰਤ ਅਤੇ ਯੂਨਾਨ ਦਰਮਿਆਨ ਬਹੁਪੱਖੀ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗਾ।

ਨਵੀਂ ਦਿੱਲੀ
22 ਮਾਰਚ, 2022

DISCLAIMER: This is an approximate translation. The original is available in English on MEA's website and may be referred to as the official press release.